ਗੁਰ ਗਿਆਨ ਲਰਨਿੰਗ ਸੈਂਟਰ
(ਔਨ ਲਾਈਨ ਅਕੈਡਮੀ)
gurgyanlearningcentre@gmail.com Website: www.sikhcommunity.net
Phone: +1-639-590-4464
*****************************************************************************

| ਭਾਈ ਮੂਲਾ ਕੀੜ ਜੀ | Bhai Mula Kirh |
|---|---|
| ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਗਿਆਰਵੀਂ ਵਾਰ ਵਿੱਚ (13 ਨੰਬਰ ਪਾਉੜੀ ਤੋਂ 31 ਨੰਬਰ ਪਾਉੜੀ ਤੱਕ) 'ਗੁਰੂ ਨਾਨਕ ਪਾਤਸ਼ਾਹ ਜੀ ਤੋਂ ਲੈਕੇ ਗੁਰੂ ਹਰਗੋਬਿੰਦ ਸਾਹਿਬ ਜੀ ਤੱਕ' (6 ਗੁਰੂ ਸਾਹਿਬਾਨਾਂ ਦੇ) ਗੁਰਸਿੱਖਾਂ ਦੇ ਨਾਵਾਂ ਦੀ ਸੂਚੀ ਹੈ ਅਤੇ ਉਹਨਾਂ ਦੇ ਜੀਵਨ ਦੀ ਵਿਸ਼ੇਸ਼ਤਾ ਵਾਰੇ ਸੰਖੇਪ ਲਿਖਿਆ ਹੈ।<br>ਉਹਨਾਂ ਨਾਵਾਂ ਵਿੱਚੋਂ ਦੂਜਾ ਨਾਮ ਭਾਈ ਮੂਲਾ ਕੀੜ ਜੀ ਦਾ ਇੰਜ ਲਿਖਿਆ ਹੋਇਆ ਹੈ: "ਮੂਲਾ ਕੀੜ ਵਖਾਣੀਐ ਚਲਿਤੁ ਅਚਰਜ ਲੁਭਿਤ ਗੁਰਦਾਸੀ।" ਇਸ ਦੇ ਅਰਥ ਹਨ: ਗੁਰੂ ਨਾਨਕ ਪਾਤਸ਼ਾਹ ਜੀ ਦਾ ਇੱਕ ਪਿਆਰਾ ਗੁਰਸਿੱਖ ਜਿਸ ਨੂੰ ਕੀੜ (ਜਾਤੀ ਦਾ) ਮੂਲਾ ਕਿਹਾ ਜਾਂਦਾ ਸੀ। ਉਸ ਦੇ ਇੱਕ ਅਸਚਰਜ ਕਾਰਜ ਤੋਂ ਹਰੇਕ ਦਾ ਮਨ ਬਹੁਤ ਪ੍ਰਭਾਵਿਤ ਹੁੰਦਾ ਹੈ। ਉਹ ਗੁਰੂ ਸਾਹਿਬ ਜੀ ਦੇ ਦਾਸਾਂ ਦਾ ਦਾਸ ਹੋ ਕੇ ਰਹਿੰਦਾ ਸੀ, ਭਾਵ ਬਹੁਤ ਨਿਮਰਤਾ ਨਾਲ ਹਰੇਕ ਨੂੰ ਦਿਲੋਂ ਪਿਆਰ ਕਰਦਾ ਸੀ।<br>ਉਹਨਾਂ ਸਮਿਆਂ ਵਿੱਚ ਹਿੰਦੂਇਜ਼ਮ ਦੀ ਵਿਚਾਰਧਾਰਾ ਲੋਕਾਂ ਦੇ ਮਨਾਂ ਉੱਪਰ ਬਹੁਤ ਹਾਵੀ ਸੀ ਅਤੇ ਉਹ ਇਹ ਮੰਨਦੇ ਸਨ ਕਿ (ਸਤਿਜੁਗ, ਦੁਆਪੁਰ, ਤ੍ਰੇਤਾ ਅਤੇ ਕਲਜੁਗ ਆਦਿ) ਚਾਰ ਯੁਗ ਹੋਏ ਹਨ। ਇਹਨਾਂ ਯੁਗਾਂ ਦੀ ਉਮਰ ਵੀ ਕਲਪਿਤ ਕੀਤੀ ਗਈ। ਪਰ ਜਦੋਂ ਗੁਰੂ ਨਾਨਕ ਪਾਤਸ਼ਾਹ ਜੀ ਲੋਕਾਂ ਨੂੰ ਗੁਰਮਤਿ ਸਮਝਾਉਂਦੇ ਸਨ ਤਾਂ ਗੁਰੂ ਸਾਹਿਬ ਜੀ 'ਆਸਾ ਰਾਗ' ਦੀ 'ਵਾਰ ਦੇ ਸਲੋਕਾਂ' ਵਿੱਚ ਸਮਝਾਉਂਦੇ ਸਨ ਕਿ "ਭਾਈ! ਸਾਡੇ ਅੰਦਰਲੇ ਵਿਚਾਰਾਂ ਅਤੇ ਸੋਚਾਂ ਨਾਲ ਸਾਡੇ ਅੰਦਰਲਾ ਮਹੌਲ ਹੀ ਵਾਰੀ ਵਾਰੀ ਨਾਲ ਬਦਲਦਾ ਰਹਿੰਦਾ ਹੈ। ਜਦੋਂ ਸਾਡੀ ਸੋਚ ਅਤੇ ਸੁਭਾਅ ਅੰਦਰ (ਹੰਕਾਰ, ਕ੍ਰੋਧ ਅਤੇ ਨਫਰਤ ਆਦਿ) ਬਿਕਾਰਾਂ ਦੀ ਅੱਗ ਪੈਦਾ ਹੋ ਜਾਂਦੀ ਹੈ ਅਤੇ ਝੂਠ ਦਾ ਸਹਾਰਾ ਲੈਣ ਵਾਲੀ ਸੋਚ ਸਾਡੀ ਜਿੰਦਗੀ ਦੀ ਅਗਵਾਈ ਕਰਦੀ ਹੈ ਤਾਂ ਸਾਡੇ ਅੰਦਰ ਕਲਜੁਗ ਹੀ ਹੁੰਦਾ ਹੈ। ਗੁਰੂ ਸਾਹਿਬ ਜੀ ਦੇ ਬਚਨ ਹਨ: "ਕਲਜੁਗਿ ਰਥੁ ਅਗਨਿ ਕਾ ਕੂੜ ਅਗੈ ਰਥਵਾਹੁ॥1॥"<br>ਗੁਰੂ ਸਾਹਿਬ ਜੀ ਗੁਰਸਿੱਖਾਂ ਨੂੰ ਇਹ ਵੀ ਸਮਝਾਉਂਦੇ ਸਨ ਕਿ | In the eleventh verse of Bhai Gurdas Ji's verses (from Pauri 13 to Pauri 31) 'From Guru Nanak Patshah Ji to Guru Hargobind Sahib Ji' (of 6 Guru Sahibs) there is a list of names of Gursikhs and features of their lives Is written briefly.<br>The second of those names is written Bhai Mula Kirh Ji as follows: It means: A beloved Gursikh of Guru Nanak Patshah Ji who was called the radish of the worm (caste). Everyone's mind is very much affected by one of his amazing deeds. He loved everyone with great humility.<br>The ideology of Hinduism was very prevalent in the minds of the people at that time, and they believed that (Satjug, Duapur, Treta and Kaljug etc.) there have been four ages. The age of these ages was also imagined. But when Guru Nanak Patshah Ji used to explain Gurmat to the people, Guru Sahib Ji used to explain in the verses of Asa Raag that "Bhai! With the thoughts and thoughts inside us, the atmosphere inside us changes from time to time. When the fire of vices is created in our thinking and nature (pride, anger and hatred etc.) and the thinking that takes recourse to lies leads our life then Kal Yuga is within us. The words of Guru Sahib Ji are: Kaljug Rath Agan Ka Koorh Agai Rathvah.<br>Guru Sahib Ji also explained to the Gursikhs that when there is contentment in our nature and we fulfill every |

gurgyanlearningcentre@gmail.com Website: www.sikhcommunity.net
Phone: +1-639-590-4464
*****************************************************************************

ਜਦੋਂ ਸਾਡੇ ਸੁਭਾਅ ਵਿਚ ਸਬਰ ਸੰਤੋਖ ਹੁੰਦਾ ਹੈ ਅਤੇ ਅਸੀਂ ਆਪਣੇ ਧਰਮ ਦੀਆਂ ਸਿੱਖਿਆਵਾਂ ਅਨੁਸਾਰ, ਆਪਣੇ ਜੀਵਨ ਦੀ ਹਰੇਕ ਜਿੰਮੇਂਵਾਰੀ ਨੂੰ 'ਪੂਰੀ ਇਮਾਨਦਾਰੀ ਅਤੇ ਚਾਉ ਨਾਲ' ਪੂਰਾ ਕਰਦੇ ਹਾਂ ਤਾਂ ਸਾਡੇ ਅੰਦਰ 'ਸਤਜੁਗ ਵਰਗਾ ਮਹੌਲ' ਬਣਿਆ ਹੁੰਦਾ ਹੈ। ਇਹ ਸਤਜੁਗ ਵਾਲਾ ਮਹੌਲ ਹਰ ਸਮੇਂ ਸਾਨੂੰ ਆਪਣੇ ਅੰਦਰ ਬਣਾ ਕੇ ਰੱਖਣਾ ਚਾਹੀਦਾ ਹੈ। ਇਸ ਵਾਸਤੇ ਸਾਨੂੰ ਨਿਮਰਤਾ ਅਤੇ ਸਬਰ ਸੰਤੋਖ ਵਿੱਚ ਰਹਿ ਕੇ ਪਰਉਪਕਾਰੀ ਜੀਵਨ ਜਿਉਣਾ ਚਾਹੀਦਾ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਦੇ ਇਹ ਉਪਦੇਸ਼ ਸੁਣ ਕੇ ਭਾਈ ਮੂਲਾ ਜੀ ਬਹੁਤ ਹੀ ਪ੍ਰਭਾਵਿਤ ਹੋਏ ਸਨ। ਇਸ ਨੇ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ 'ਸਤਿਗੁਰੂ ਜੀ! ਸਾਨੂੰ ਅੰਦਰਲੇ ਜੀਵਨ ਵਿੱਚ (ਬਿਕਾਰਾਂ ਵਾਲੇ) 'ਕਲਜੁਗ ਵਰਗੇ ਮਹੌਲ' ਤੋਂ ਬਚਣ ਲਈ 'ਮਰਯਾਦਾ' (ਉਪਦੇਸ਼) ਦੱਸੋ ਜੀ ਤਾਂ ਕਿ ਅਸੀਂ ਜੀਵਨ ਦੀਆਂ 'ਜਿੰਮੇਂਵਾਰੀਆਂ ਵੀ ਖੁਸ਼ੀ ਖੁਸ਼ੀ' ਨਿਭਾਈਏ ਅਤੇ 'ਪਰਉਪਕਾਰੀ' ਵੀ ਬਣ ਸਕੀਏ।

ਉਸ ਸਮੇਂ ਗੁਰੂ ਸਾਹਿਬ ਜੀ ਨੇ ਉਪਦੇਸ਼ ਕਿ 'ਭਾਈ! (ਜੂਆ ਖੇਲਣਾ, ਲੱਚਰ ਗੀਤ ਆਦਿ ਸੁਨਣੇ, ਨਸ਼ੇ ਕਰਨੇ ਅਤੇ ਵੇਸਵਾ ਦਾ ਸੰਗ ਕਰਨਾ ਆਦਿ) ਸਮਾਜ ਵਿੱਚ ਫੈਲ ਰਹੀਆਂ ਬੁਰੀਆਂ ਆਦਤਾਂ ਤੋਂ ਹਮੇਸ਼ਾਂ ਬਚ ਕੇ ਰਹਿਣਾ ਹੈ। ਗੁਰਬਾਣੀ ਨੂੰ ਪਿਆਰ ਨਾਲ ਅਨੰਦ ਵਿੱਚ ਗਾ ਗਾ ਕੇ ਪੜ੍ਹਣਾ ਅਤੇ ਗੁਰਬਾਣੀ ਦੇ ਰੱਬੀ ਉਪਦੇਸ਼ਾਂ ਨੂੰ ਜਿੰਦਗੀ ਵਿੱਚ ਅਮਲੀ ਰੂਪ ਵਿੱਚ ਜਿਉਣਾ ਹੈ। ਪਰਉਪਕਾਰੀ ਗੁਰਸਿੱਖਾਂ ਦੇ ਚੰਗੇ ਕੰਮਾਂ ਵਿੱਚ ਮੱਦਦ ਕਰਨੀ ਮਹਾਨ ਸੇਵਾ ਹੁੰਦੀ ਹੈ। ਇੱਕ ਦੂਜੇ ਦੇ ਪੜਦੇ ਢੱਕਣੇ ਕੌਮ ਦੀਆਂ ਤਰੱਕੀਆਂ ਲਈ ਸਹਾਈ ਹੁੰਦੇ ਹਨ। ਮੂਲਾ ਜੀ ਗੁਰੂ ਸਾਹਿਬ ਜੀ ਦੇ ਬਚਨਾਂ ਨੂੰ ਜਿੰਦਗੀ ਵਿੱਚ ਜਿਉਣ ਲਈ ਬਹੁਤ ਹੀ ਸੰਜੀਦਾ ਸਨ।

ਇੱਕ ਵਾਰੀ ਕੀ ਵਾਪਰਿਆ, ਕਿ ਇੱਕ ਚੋਰ ਨੇ ਬਹੁਤ ਸਾਰੀ ਬਾਣੀ ਯਾਦ ਕਰ ਲਈ ਅਤੇ ਗੁਰਸਿੱਖ ਦੇ ਪਹਿਰਾਵੇ ਵਿੱਚ ਇਹਨਾਂ ਦੇ ਘਰ ਚੋਰੀ ਕਰਨ ਦੀ ਭਾਵਨਾਂ ਵਿੱਚ ਆ ਗਿਆ। ਰਾਤ

responsibility of our life with 'complete sincerity and zeal' according to the teachings of our religion, then 'Satjug-like atmosphere' within us. Is made. We should always keep this Satjug atmosphere inside us. For this we should live a life of benevolence by living in humility and contentment.

Bhai Mula Kirh Ji was very impressed by this sermon of Guru Nanak Patshah Ji. He requested Guru Sahib Ji, "Satguru Ji! Please tell us the 'Maryada' (sermon) to avoid the (perverted) 'Kaljug-like atmosphere' in the inner life so that we can fulfill the 'responsibilities of life happily' and become 'Parupkari'.

At that time Guru Sahib Ji preached that 'Bhai! (Gambling, listening to lascivious songs, etc., doing drugs, associating with prostitutes and drugs etc.) is to stay away from the bad habits that are spreading in the society forever. To read GurBani with love and joy and to live the divine teachings of GurBani in a practical way. Helping the benevolent Gursikhs in their good deeds is a great service. Covering each other's veils contributes to the progress of the nation. Mula Ji was very serious about living the words of Guru Sahib Ji in life.

What happened once was that a thief memorized a lot of Bani and in the guise of a Gursikh got into the feeling of stealing from their house. At night when Mula ji locked the main door outside the mansion, the thief asked for the key saying that I had

gurgyanlearningcentre@gmail.com Website: www.sikhcommunity.net

Phone: +1-639-590-4464


*********************************************************************************

ਨੂੰ ਜਦੋਂ ਮੂਲਾ ਜੀ ਨੇ ਹਵੇਲੀ ਦੇ ਬਾਹਰਲੇ ਮੇਨ ਦਰਵਾਜੇ ਨੂੰ ਤਾਲਾ ਲਾਇਆ ਤਾਂ ਇਸ ਚੋਰ ਨੇ ਇਹ ਕਹਿ ਕੇ ਚਾਬੀ ਮੰਗੀ ਕਿ ਮੈਨੂੰ ਦਸਤ ਲੱਗੇ ਹੋਏ (Diarrhea) ਹਨ। ਰਾਤ ਨੂੰ ਵਾਰ ਵਾਰ ਬਾਹਰ ਜਾਣਾ ਪੈ ਸਕਦਾ ਹੈ। (ਉਹਨਾਂ ਸਮਿਆਂ ਵਿੱਚ ਘਰਾਂ ਵਿੱਚ Toilet System ਨਹੀਂ ਸੀ)। ਭਾਈ ਮੂਲਾ ਜੀ ਨੇ ਇਸ ਨੂੰ ਮੇਨ ਦਰਵਾਜੇ ਦੀ ਦੀ ਚਾਬੀ ਦੇ ਦਿੱਤੀ।

ਇਹ ਚੋਰ ਰਾਤ ਨੂੰ ਭਾਈ ਮੂਲਾ ਜੀ ਦੀ ਪਤਨੀ ਦੇ ਗਹਿਣੇ ਚੋਰੀ ਕਰਕੇ ਜਦੋਂ ਮੇਨ ਦਰਵਾਜੇ ਦਾ ਤਾਲਾ ਖੋਹਲਣ ਲੱਗਿਆ ਤਾਂ ਇਸ ਦੇ ਹੱਥ ਵਿੱਚੋਂ ਗਹਿਣਿਆਂ ਦਾ ਡੱਬਾ ਡਿੱਗ ਪਿਆ। ਖੜਕਾ ਸੁਣ ਕੇ ਮੂਲਾ ਜੀ ਦੀ ਜਾਗ ਖੁਲ੍ਹੀ ਅਤੇ ਉਹਨਾਂ ਦੇਖ ਵੀ ਲਿਆ ਅਤੇ ਸਮਝ ਵੀ ਗਏ ਕਿ ਇਹ ਚੋਰ ਸੀ ਅਤੇ ਭੇਖੀ ਸਿੱਖ ਬਣ ਕੇ ਆਇਆ ਸੀ। ਭਾਈ ਮੂਲਾ ਜੀ ਨੇ ਤਾਲਾ ਅਤੇ ਚਾਬੀ ਪਾਸੇ ਰੱਖ ਕੇ ਦਰਵਾਜਾ ਖੁਲ੍ਹਾ ਹੀ ਛੱਡ ਦਿੱਤਾ।

ਜਦੋਂ ਸਵੇਰੇ ਭਾਈ ਮੂਲਾ ਜੀ ਦੀ ਪਤਨੀ ਨੂੰ ਪਤਾ ਚੱਲਿਆ ਤਾਂ ਉਹ ਪੁੱਛਣ ਲੱਗੀ ਕਿ ਮੇਰੇ ਗਹਿਣੇ ਕਿੱਧਰ ਗਏ? ਮੂਲਾ ਜੀ ਕਹਿਣ ਲੱਗੇ ਕਿ "ਉਹੋ! ਰਾਤ ਭੇਲੇਖੇ ਵਿੱਚ ਦਰਵਾਜਾ ਖੁਲ੍ਹਾ ਰਹਿ ਗਿਆ ਸੀ। ਲੱਗਦੈ ਕਿ ਚੋਰਾਂ ਨੇ ਚੋਰੀ ਕਰ ਲਏ ਹਨ।"

ਮੂਲਾ ਜੀ ਨੂੰ ਸਭ ਕੁੱਝ ਪਤਾ ਹੋਣ ਦੇ ਬਾਵਜੂਦ ਵੀ ਕਹਿਣ ਲੱਗੇ ਕਿ ਜਿਹੜਾ ਗੁਰਸਿੱਖ ਰਾਤ ਕੱਟਣ ਆਇਆ ਸੀ, ਸ਼ਾਇਦ ਚੋਰਾਂ ਨੂੰ ਦੇਖ ਕੇ ਸ਼ਰਮਿੰਦਾ ਹੋ ਕੇ ਚਲਾ ਗਿਆ ਕਿ ਕੋਈ ਮੇਰੇ ਤੇ ਸ਼ੱਕ ਨਾ ਕਰੇ, ਕਿਉਂ ਕਿ ਉਹ ਸੱਚਾ ਸੁੱਚਾ ਗੁਰਸਿੱਖ ਸੀ। ਸੱਚਾ ਗੁਰਸਿੱਖ ਨਾ ਹੀ ਕਦੀ ਚੋਰੀ ਕਰਦਾ ਹੈ ਅਤੇ ਨਾ ਹੀ ਕਿਸੇ ਚੋਰੀ ਕਰਨ ਵਾਲੇ ਦਾ ਸਹਾਇਕ ਬਣਦਾ ਹੈ।" ਇਸ ਤਰਾਂ ਕਹਿ ਕੇ ਆਪਣੀ ਪਤਨੀ ਨੂੰ ਹੌਂਸਲਾ ਦਿੱਤਾ ਕਿ ਕੋਈ ਗੱਲ ਨਹੀਂ, ਰੱਬ ਜੀ ਸਾਨੂੰ ਬਖਸ਼ਿਸ਼ ਦੇਣਗੇ।

ਜਦੋਂ ਗੁਰੂ ਸਾਹਿਬ ਜੀ ਨੂੰ ਇਸ ਸਾਰੀ ਵਾਰਤਾ ਦਾ ਪਤਾ ਚੱਲਿਆ ਤਾਂ 'ਗੁਰੂ ਸਾਹਿਬ ਜੀ ਨੇ ਪੁੱਛਿਆ ਕਿ ਜਦੋਂ ਤੈਨੂੰ ਸਾਰਾ ਪਤਾ ਚੱਲ ਗਿਆ ਸੀ ਤਾਂ ਫਿਰ ਵੀ ਇਸ ਤਰਾਂ ਕਿਉਂ ਕੀਤਾ?'

ਭਾਈ ਮੂਲਾ ਜੀ ਕਹਿਣ ਲੱਗੇ ਕਿ, 'ਸਤਿਗੁਰੂ ਜੀ! ਤੁਸੀਂ ਕਿਹਾ ਸੀ

diarrhea. I may have to go out often at night. (Homes in those days did not have a thallium system). Bhai Mula Ji gave him the key to the main door.

This thief stole the jewellery of Bhai Mula ji's wife at night and when he started to open the lock of the main door, the box of jewelery fell out of his hand. Hearing the noise, Mula ji woke up and saw that the bhekhi Sikh was a thief. Bhai Mula Ji left the door open with the lock and key on the side.

When Bhai Mula Ji's wife found out in the morning, she started asking where my jewellery had gone. Mula ji started saying "OMG! The door was left open in the middle of the night. It looks like the thieves have stolen it."

Mula ji, despite knowing everything, began to say that the Gursikh who had come to spend the night, may have been ashamed to see the thieves and left so that no one would suspect him, because he was a true Gursikh. A true Gursikh never steals and does not help any thief." He reassured his wife that no matter what, God would bless us.

When Guru Sahib Ji came to know about this whole conversation, "Guru Sahib Ji asked why did you do this when you knew all about it?"

Bhai Mula Ji started saying, "Satguru Ji! You said that Gursikhs should always wear veils. '

Hearing this answer, Satguru Ji was very happy with Bhai Mula Ji and promised that

gurgyanlearningcentre@gmail.com Website: www.sikhcommunity.net
Phone: +1-639-590-4464

*****************************************************************************

| | |
|---|---|
| ਕਿ ਹਮੇਸ਼ਾਂ ਗੁਰਸਿੱਖਾਂ ਦੇ ਪੜਦੇ ਕੱਜਣੇ ਚਾਹੀਦੇ ਹਨ।’<br>ਸਤਿਗੁਰੂ ਜੀ ਇਹ ਜਵਾਬ ਸੁਣ ਕੇ ਭਾਈ ਮੂਲੇ ਜੀ ਉੱਪਰ ਬਹੁਤ ਖੁਸ਼ ਹੋਏ ਅਤੇ ਬਚਨ ਕੀਤੇ ਕਿ, ਹੇ ਭਾਈ! ਜਿਹੜਾ ਗੁਰਸਿੱਖ ਗੁਰਸਿੱਖਾਂ ਦੇ ਪੜਦੇ ਕੱਜੇਗਾ, ਅਕਾਲ ਪੁਰਖੁ ਪਿਤਾ ਜੀ ਉਸ ਦੇ ਪੜਦੇ ਵੀ ਕੱਜਦੇ ਹਨ ਅਤੇ ਉਹਨਾਂ ਨੂੰ ਬਖਸ਼ਿਸ਼ਾਂ ਦੇ ਕੇ ਪਰਉਪਕਾਰੀ ਗੁਰਸਿੱਖ ਬਨਣ ਦੀ ਚੇਤਨਾ ਦਿੰਦੇ ਹਨ।’<br>ਇਸੇ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ, “ਉਸ ਦਾ ਕਾਰਜ ਬਹੁਤ ਅਸਚਰਜ (ਅਨੋਖਾ) ਸੀ”।<br>ਸਿੱਖਿਆ: ਸਾਨੂੰ ਕੌਮ ਦੀ ਚੜ੍ਹਦੀ ਕਲਾ ਵਾਸਤੇ ਇੱਕ ਦੂਜੇ ਦੇ ਪੜਦੇ ਕੱਜਣੇ ਚਾਹੀਦੇ ਹਨ। ਕਦੀ ਵੀ ਕਿਸੇ ਦੀਆਂ ਗਲਤੀਆਂ ਨੂੰ ਉਛਾਲ ਕੇ ਮਖੌਲ਼ ਨਹੀਂ ਕਰਨਾ ਚਾਹੀਦਾ ਸਗੋਂ ਇੱਕ ਦੂਜੇ ਦੀ ਮੱਦਦ ਕਰਕੇ ਇੱਕ ਦੂਜੇ ਦੇ ਸਹਾਇਕ ਬਣਣਾ ਚਾਹੀਦਾ ਹੈ। ਆਪਣੇ ਘਰਾਂ ਵਿੱਚ ਹਮੇਸ਼ਾਂ ਸਕਾਰਾਤਮਕ (Positive) ਵਿਚਾਰਾਂ ਹੀ ਕਰਨੀਆਂ ਚਾਹੀਦੀਆਂ ਹਨ ਅਤੇ ਕਦੀ ਵੀ ਨਾਕਾਰਾਤਮਕ (Negative) ਵਿਚਾਰਾਂ ਕਰਨ ਤੋਂ ਹਮੇਸ਼ਾਂ ਗੁਰੇਜ਼ ਹੀ ਕਰਨਾ ਚਾਹੀਦਾ ਹੈ। | O Bhai! The Gursikh who will cover the curtains of the Gursikhs, Akal Purakh Pita Ji also covers his curtains and gives them the consciousness to become a benevolent Gursikh by giving them blessings.<br>That is why Bhai Gurdas Ji has written that, “His work was very amazing”.<br>Moral: We must embrace each other for the rising art of the nation. One should never make fun of one's mistakes but help one another. You should always have positive views in your home, and you should always refrain from having negative views.<br> |